# रखी दातिया जी सानूं चरणा च ला के

ਰੱਖੀ ਦਾਤਿਆ ਜੀ ਸਾਨੂੰ, ਚਰਨਾਂ 'ਚ ਲਾ ਕੇ x||-||
ਤੇਰੇ ਨਾਮ ਦੀਆਂ ਨਿੱਤ, ਕੱਤਾਂ ਪੂਣੀਆਂ ਜੀ ਤੰਦ,
ਚਰਖ਼ੇ ਤੇ ਪਾ ਕੇ,,,
ਰੱਖੀ ਦਾਤਿਆ ਜੀ ਸਾਨੂੰ,,,,,,,,,,,,,,,,,,,,,

ਸੂਹੀਆਂ ਤਲਾਈਆਂ ਜੀ ਮੈਂ, ਮੰਜੇ ਤੇ ਵਿਛਾਉਂਦੀ ਆਂ x||
ਸੁਪਨੇ 'ਚ ਵੇਖਿਆ ਮੈਂ, ਤੁਸਾਂ ਨੂੰ ਬਿਠਾਉਂਦੀ ਆਂ x||
ਸੂਹੀਆਂ ਤਲਾਈਆਂ ਜੀ ਮੈਂ, ਮੰਜੇ ਤੇ ਵਿਛਾਉਂਦੀ ਆਂ,
ਸੁਪਨੇ 'ਚ ਵੇਖਿਆ ਮੈਂ, ਤੁਸਾਂ ਨੂੰ ਬਿਠਾਉਂਦੀ ਆਂ,
ਸੱਚੀ ਮੁੱਚੀ ਆਜਾ ਸਾਡੇ, ਘਰ ਸੋਹਣਿਆਂ ਮੈਂ ਬੈਠੀ,
ਅੱਖੀਆਂ ਵਿਛਾ ਕੇ,,,
ਰੱਖੀ ਦਾਤਿਆ ਜੀ ਸਾਨੂੰ,,,,,,,,,,,,,,,,,,,,,F

ਚੰਨ ਤੇ ਚਕੋਰ ਵਾਲਾ, ਲੱਗਿਆ ਵਿਯੋਗ ਏਹ x||
ਤੇਰੀ ਮੇਹਰ ਨਾਲ ਕਿਤੇ, ਬਣ ਜਾਏ ਸੰਯੋਗ ਏਹ x||
ਚੰਨ ਤੇ ਚਕੋਰ ਵਾਲਾ, ਲੱਗਿਆ ਵਿਯੋਗ ਏਹ,
ਤੇਰੀ ਮੇਹਰ ਨਾਲ ਕਿਤੇ, ਬਣ ਜਾਏ ਸੰਯੋਗ ਏਹ
ਆਰ ਦੇ ਸਮੁੰਦਰਾਂ ਤੋਂ, ਪਾਰ ਦਾਤਿਆ ਵੇ ਬੇੜੀ,
ਪਿਆਰ ਦੀ ਬਿਠਾ ਕੇ,,,
ਰੱਖੀ ਦਾਤਿਆ ਜੀ ਸਾਨੂੰ,,,,,,,,,,,,,,,,,,,,,F

ਮਨ ਨੂੰ ਸੰਵਾਰਦੀ ਮੈਂ, ਤਨ ਨੂੰ ਸ਼ਿੰਗਾਰਦੀ ਆਂ x||
ਹੀਰ ਬਣ ਬੇਲਿਆਂ 'ਚ, ਰਾਂਝਣ ਪੁਕਾਰਦੀ ਆਂ x||
ਮਨ ਨੂੰ ਸੰਵਾਰਦੀ ਮੈਂ, ਤਨ ਨੂੰ ਸ਼ਿੰਗਾਰਦੀ ਆਂ,
ਹੀਰ ਬਣ ਬੇਲਿਆਂ 'ਚ, ਰਾਂਝਣ ਪੁਕਾਰਦੀ ਆਂ
ਲੜ੍ਹ ਲੱਗਿਆਂ ਦੀ ਸਾਡੀ, ਲਾਜ਼ ਰੱਖ ਲੈ ਵੇ ਰੱਖੀ,
ਆਪਣੀ ਬਣਾ ਕੇ,,,
ਰੱਖੀ ਦਾਤਿਆ ਜੀ ਸਾਨੂੰ,,,,,,,,,,,,,,,,,,,,,F

ਬੈਠ ਕੇ ਬਨ੍ਹੇਰੇ ਸਾਡੇ, ਕਾਂ ਵੀ ਨਹੀਂ ਬੋਲਦਾ x||
ਲੱਗੀਆਂ ਨਿਭਾਉਣ ਆਜਾ, ਦਿਲ ਝੱਲਾ ਡੋਲ੍ਹਦਾ x||
ਬੈਠ ਕੇ ਬਨ੍ਹੇਰੇ ਸਾਡੇ, ਕਾਂ ਵੀ ਨਹੀਂ ਬੋਲਦਾ,
ਲੱਗੀਆਂ ਨਿਭਾਉਣ ਆਜਾ, ਦਿਲ ਝੱਲਾ ਡੋਲ੍ਹਦਾ,
ਖੁੱਲ੍ਹ ਗਏ ਸੀ ਭਾਗ ਜਦੋਂ, ਬੂਹਾ ਖੋਲ੍ਹਿਆ ਜੀ ਖੜੇ,
ਸੱਜਣ ਜੀ ਆ ਕੇ,,,
ਰੱਖੀ ਦਾਤਿਆ ਜੀ ਸਾਨੂੰ,,,,,,,,,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/29823/title/rakhi-datiya-ji-sanu-charna-ch-laa-ke

अपने Android मोबाइल पर BhajanGanga App डाउनलोड करें और भजनों का आनंद ले |